https://www.kuonline.in

Roll No. ...................... Total Pages : 6

# 6065

**MDE/M–20**

SAHIT SIDHANT ATE VIHARAK

ADHYAN

Paper–III

Time : Three Hours] [Maximum Marks : 80

**ਨੋਟ** : ਪਹਿਲਾ ਪ੍ਰਸ਼ਨ ਲਾਜ਼ਮੀ ਹੈ। ਵਿਦਿਆਰਥੀ ਨੇ ਹਰ ਇਕਾਈ ਵਿੱਚੋਂ **ਇੱਕ** ਸੁਆਲ ਕਰਨਾ ਹੈ। ਹਰ ਸੁਆਲ 16 ਨੰਬਰ ਦਾ ਹੈ।

1. ਹੇਠ ਲਿਖੇ ਚਾਰੇ ਸੁਆਲਾਂ ਦੇ ਜੁਆਬ ਸੰਖੇਪ ਵਿੱਚ ਦਿਓ। ਹਰ ਸੁਆਲ ਦਾ ਜੁਆਬ ਇੱਕ ਪੰਨੇ ਤੱਕ ਹੋਵੇ।

   (ੳ) ਪ੍ਰਕ੍ਰਿਤਕ ਉਦਾਤ ਅਤੇ ਸਿਰਜਣਾਤਮਕ ਉਦਾਤ ਵਿੱਚ ਕੀ ਫਰਕ ਹੈ?

https://www.kuonline.in

(ਅ) ਮਹਾਂਕਾਵਿ ਦੀ ਬਣਤਰ ਬਾਰੇ ਸੰਖੇਪ ਚਰਚਾ ਕਰੋ।

(ੲ) ਸਾਧਾਰਨੀਕਰਨ ਦੇ ਸੰਕਲਪ ਤੋਂ ਕੀ ਭਾਵ ਹੈ?

(ਸ) ਵਸਤੂ ਅਤੇ ਰੂਪ ਬਾਰੇ ਮਾਰਕਸਵਾਦੀਆਂ ਦੇ ਵਿਚਾਰ ਕੀ ਹਨ? 4×4=16

## ਇਕਾਈ–I

2. ਸਾਹਿਤ ਅਤੇ ਰਾਜਨੀਤੀ ਦੇ ਆਪਸੀ ਸੰਬੰਧਾਂ ਬਾਰੇ ਮਿਸਾਲਾਂ ਸਹਿਤ ਚਰਚਾ ਕਰੋ। 16

3. ਗ਼ਜ਼ਲ ਦੀ ਤਕਨੀਕੀ ਬਣਤਰ ਬਾਰੇ ਵਿਸਥਾਰ ਵਿੱਚ ਚਰਚਾ ਕਰੋ। 16



https://www.kuonline.in

https://www.kuonline.in

## ਇਕਾਈ–II

4. ਅਰਸਤੂ ਅਤੇ ਪਲੈਟੋ ਦੇ ਕਾਵਿ ਸਿਧਾਂਤ ਦਾ ਤੁਲਨਾਤਮਕ ਅਧਿਐਨ ਕਰੋ। 16

5. ਨਾਰੀਵਾਦ ਨੂੰ ਪਰਿਭਾਸ਼ਿਤ ਕਰਦੇ ਹੋਏ ਇਸ ਦੀਆਂ ਮੂਲ ਧਾਰਨਾਵਾਂ ਬਾਰੇ ਜਾਣਕਾਰੀ ਦਿਓ। 16

## ਇਕਾਈ–III

6. ਧੁਨੀ ਸਿਧਾਂਤ ਦੇ ਮੂਲ ਨੁਕਤਿਆਂ ਬਾਰੇ ਵਿਚਾਰ ਚਰਚਾ ਕਰੋ। 16

7. ਰਵਿੰਦਰ ਰਵੀ ਦੀ ਆਲੋਚਨਾ ਦ੍ਰਿਸ਼ਟੀ ਬਾਰੇ ਆਲੋਚਨਾਤਮਕ ਵਿਚਾਰ ਪੇਸ਼ ਕਰੋ। 16

https://www.kuonline.in

## ਇਕਾਈ–IV

8. ਹੇਠ ਲਿਖਿਆਂ ਕਾਵਿ ਤੇ ਵਾਰਤਕ ਟੁਕੜੀ ਵਿੱਚੋਂ ਕਿਸੇ *ਇੱਕ* ਦੀ ਵਿਹਾਰਕ ਆਲੋਚਨਾ ਕਰੋ :

(ੳ) ਰਾਜ ਸੱਤਾ ਨੂੰ ਕੋਈ ਇਤਰਾਜ਼ ਨਹੀਂ
ਜੇ ਭੀਲ ਦਾ ਬੱਚਾ ਭੇਡਾਂ ਬੱਕਰੀਆਂ ਚਰਾਵੇ
ਕਣਕ ਬੀਜੇ ਧਾਨ ਬੀਜੇ ਕੰਦ ਮੂਲ ਖਾਵੇ
ਚਾਕੂ ਨਾਲ ਕਟਾਰ ਨਾਲ ਜਾਂ ਭਾਲੇ ਨਾਲ ਸ਼ਿਕਾਰ ਖੇਡੇ
ਮਰੇ ਹੋਏ ਜਾਨਵਰਾਂ ਦਾ ਚੰਮ ਲਾਹਵੇ
ਕਪੜੇ ਬੁਣੇ ਜੁਤੀਆਂ ਬਣਾਵੇ
ਹਾਂ! ਜਦੋਂ ਭੀਲ ਦਾ ਪੁੱਤਰ ਪੜਦਾ ਹੈ
ਤੀਰ ਅੰਦਾਜ਼ੀ, ਤਲਵਾਰ ਬਾਜ਼ੀ ਸਿੱਖਦਾ ਹੈ
ਤਾਂ ਰਾਜ ਸੱਤਾ ਨੂੰ ਭਾਰੀ ਇਤਰਾਜ਼ ਹੈ। ....

https://www.kuonline.in

(ਅ) ਸਾਰੇ ਧਰਮ ਮੌਤ ਦੀ ਚਿੰਤਾ, ਡਰ, ਸਹਿਮ ਆਦਿ ਨੂੰ ਘਟਾਉਣ ਜਾਂ ਕਾਬੂ ਕਰਨ ਦੇ ਹੀ ਯਤਨ ਹਨ। ਕੋਈ ਧਰਮ ਮੌਤ ਤਾਂ ਨਹੀਂ ਟਾਲ ਸਕਿਆ ਪਰ ਪਰਮਾਤਮਾ ਦੇ ਚਰਨਾਂ ਵਿੱਚ ਥਾਂ ਦਿਵਾਉਣ ਦੇ ਉਪਰਾਲੇ ਅਸਲ ਵਿੱਚ ਮੌਤ ਨੂੰ ਭੈ ਮੁਕਤ ਬਣਾਉਣ ਦੇ ਹੀ ਯਤਨ ਹਨ। ਵਿਗਿਆਨ ਨੇ ਧਰਮ ਦੇ ਹੋਰ ਸੰਕਲਪਾਂ ਵਾਂਗ ਮੌਤ ਸਬੰਧੀ ਸੰਕਲਪ ਨੂੰ ਵੀ ਢਿੱਲਾ ਕੀਤਾ ਹੈ। ਅਜੋਕੇ ਯੁੱਗ ਵਿੱਚ ਵਿਗਿਆਨਕ ਸੋਚਣੀ ਵਾਲੇ ਮਨੁੱਖ ਦੇ ਮੁਕਾਬਲੇ ਧਾਰਮਿਕ ਵਿਅਕਤੀ ਮੌਤ ਤੋਂ ਵਧੇਰੇ ਡਰਦਾ ਹੈ, ਕਿਉਂਕਿ ਉਸ ਨੂੰ ਨਰਕ ਦਾ ਡਰ ਹੁੰਦਾ ਹੈ। ਪਰ ਵਿਗਿਆਨਕ ਸੋਚਣੀ ਵਾਲਾ ਮਨੁੱਖ ਸਰੀਰ ਨੂੰ ਇੱਕ ਮਸ਼ੀਨ ਸਮਝਦਾ ਹੈ। ਹਰ ਇੱਕ ਵਿਅਕਤੀ ਦੀ ਮੌਤ

https://www.kuonline.in

ਸਬੰਧੀ ਸਮਝ ਵੱਖਰੀ-ਵੱਖਰੀ ਹੁੰਦੀ ਹੈ। ਕੁਝ ਤਾਂ ਮੌਤ ਨੂੰ ਸਜ਼ਾ ਸਮਝਦੇ ਹਨ ਅਤੇ ਕਈ ਇਸ ਨੂੰ ਸੰਪੂਰਣਤਾ ਦੇ ਅਰਥਾਂ ਵਿੱਚ ਲੈਂਦੇ ਹਨ। ਕਈ ਇਤਨੇ ਅੱਕੇ ਹੋਏ ਹਨ ਕਿ ਉਨ੍ਹਾਂ ਲਈ ਮੌਤ ਇੱਕ ਮੁਕਤੀ ਹੁੰਦੀ ਹੈ, ਕਈ ਇਤਨੇ ਡਰੇ ਹੋਏ ਹਨ ਕਿ ਉਨ੍ਹਾਂ ਨੂੰ ਮੌਤ ਨਾਲ ਮੁਹੱਬਤ ਹੁੰਦੀ ਹੈ।

16